BRITISH COLUMBIA | HealthLinkBC



# ਆਤਸ਼ਕ
# Syphilis

## ਆਤਸ਼ਕ ਕੀ ਹੈ?

ਆਤਸ਼ਕ ਬੈਕਟੀਰੀਆ ਕਰਕੇ ਹੋਣ ਵਾਲਾ ਵਿਗਾੜ ਹੈ ਜੋ ਵਿਗਾੜਗ੍ਰਸਤ ਵਿਅਕਤੀ ਤੋਂ ਲੇਸਦਾਰ ਝਿੱਲੀਆਂ ਰਾਹੀਂ ਫੈਲਦਾ ਹੈ। ਵਿਗਾੜ ਦੇ 4 ਪੜਾਅ ਹੁੰਦੇ ਹਨ: ਮੁਢਲਾ, ਸੈਕੰਡਰੀ, ਅਗੇਤਾ ਲੁਪਤ (early latent) ਅਤੇ ਪਛੇਤਾ ਲੁਪਤ (late latent)।

## ਮੈਨੂੰ ਆਤਸ਼ਕ ਕਿਵੇਂ ਹੋ ਸਕਦਾ ਹੈ?

ਤੁਹਾਨੂੰ ਉਥੇ ਆਤਸ਼ਕ ਹੋ ਸਕਦਾ ਹੈ ਜਿਥੇ ਆਤਸ਼ਕ ਦੇ ਛੂਤਕਾਰੀ ਜ਼ਖਮ (ਘਾਉ) ਜਾਂ ਰੈਸ਼ ਵਾਲੇ ਵਿਅਕਤੀ ਦੇ ਨਾਲ ਚਮੜੀ ਨਾਲ ਚਮੜੀ ਦਾ ਸੰਪਰਕ ਜਾਂ ਸਰੀਰਕ ਦ੍ਰਵਾਂ ਦਾ ਵਟਾਂਦਰਾ ਹੁੰਦਾ ਹੈ। ਇਹ ਵਿਅਕਤੀ ਦੇ ਮੂੰਹ, ਜਣਨ ਅੰਗਾਂ ਜਾਂ ਗੁਦਾ, ਜਿਥੇ ਆਤਸ਼ਕ ਦਾ ਜ਼ਖਮ ਜਾਂ ਰੈਸ਼ ਮੌਜੂਦ ਹੈ ਦੇ ਨਾਲ ਨਜ਼ਦੀਕੀ ਸੰਪਰਕ ਜਾਂ ਲਿੰਗੀ ਸੰਪਰਕ ਰਾਂਹੀ ਹੋ ਸਕਦਾ ਹੈ। ਆਤਸ਼ਕ ਗਰਭ ਅਵਸਥਾ ਜਾਂ ਜਨਮ ਸਮੇਂ ਮਾਂ ਤੋਂ ਬੱਚੇ ਤੱਕ ਵੀ ਸੰਚਾਰਿਤ ਹੋ ਸਕਦਾ ਹੈ।

ਭਾਵੇਂ ਔਰਤਾਂ ਅਤੇ ਮਰਦਾਂ ਦੋਵਾਂ ਨੂੰ ਆਤਸ਼ਕ ਹੋ ਸਕਦਾ ਹੈ, ਬੀ.ਸੀ. ਵਿੱਚ ਆਤਸ਼ਕ ਦੀ ਪਛਾਣ ਕੀਤੇ ਜਾਣ ਵਾਲੇ ਲੋਕਾਂ ਦੀ ਵਿਸ਼ਾਲ ਬਹੁਮਤ ਅਜਿਹੇ ਆਦਮੀ ਹਨ ਜੋ ਆਪਣੀ ਪਛਾਣ ਗੇ, ਦੋ ਲਿੰਗੀ (bisexual) ਜਾਂ ਆਦਮੀਆਂ ਨਾਲ ਸੰਭੋਗ ਕਰਨ ਵਾਲੇ ਆਦਮੀਆਂ (ਐਮਐਸਐਮ) ਦੀ ਤਰ੍ਹਾਂ ਕਰਦੇ ਹਨ। ਆਤਸ਼ਕ ਦੀਆਂ ਦਰਾਂ ਐਮਐਸਐਮ (MSM) ਲਈ ਬਹੁਤ ਵੱਧ ਗਈਆਂ ਹਨ, ਜਿਆਦਾਤਰ 20 ਤੋਂ 24 ਸਾਲਾਂ ਦੀ ਉਮਰ ਦੇ ਆਦਮੀਆਂ ਵਿੱਚ।

ਜੇ ਤੁਹਾਨੂੰ ਲਿੰਗੀ ਤੌਰ ਨਾਲ ਸੰਚਾਰਿਤ (ਐਸਟੀਆਈ -STI) ਕੋਈ ਦੂਸਰਾ ਵਿਗਾੜ ਹੈ ਤਾਂ ਤੁਹਾਨੂੰ ਆਤਸ਼ਕ ਹੋਣ ਦਾ ਜਿਆਦਾ ਖਤਰਾ ਹੈ।

## ਲੱਛਣ ਕੀ ਹਨ?

ਆਤਸ਼ਕ ਦੇ ਹਰ ਪੜਾਅ ਦੇ ਲੱਛਣਾਂ ਦੇ ਵੱਖ ਵੱਖ ਸੈੱਟ ਹੁੰਦੇ ਹਨ। ਲੱਛਣ ਵੱਖ ਵੱਖ ਹੋ ਸਕਦੇ ਹਨ ਜਾਂ ਇੰਨੇ ਹਲਕੇ ਹੋ ਸਕਦੇ ਹਨ ਕਿ ਸੰਭਵ ਹੈ ਕਿ ਤੁਹਾਨੂੰ ਪਤਾ ਹੀ ਨਾ ਹੋਏ ਕਿ ਤੁਹਾਨੂੰ ਆਤਸ਼ਕ ਵਿਗਾੜ ਸੀ।

ਇਹ ਪਤਾ ਕਰਨ ਲਈ ਕਿ ਕੀ ਤੁਹਾਨੂੰ ਆਤਸ਼ਕ ਹੈ, ਤੁਹਾਡਾ ਪਰੀਖਣ ਇੱਕ ਸਿਹਤ ਦੇਖਭਾਲ ਪ੍ਰਦਾਤਾ ਦੁਆਰਾ ਕੀਤਾ ਜਾਣਾ ਚਾਹੀਦਾ ਹੈ ਅਤੇ ਤੁਹਾਨੂੰ ਤੁਹਾਡੇ ਖੂਨ ਅਤੇ ਜ਼ਖਮ(ਮਾਂ) ਦੀ ਜਾਂਚ ਕਰਵਾਉਣੀ ਚਾਹੀਦੀ ਹੈ।

**ਮੁਢਲਾ ਪੜਾਅ**

ਮੁਢਲੇ ਪੜਾਅ ਦੇ ਦੌਰਾਨ, ਤੁਹਾਡੇ ਸਰੀਰ ਦੀ ਕਿਸੀ ਵੀ ਅਜਿਹੀ ਜਗ੍ਹਾ ਤੇ ਇੱਕ ਦਰਦ ਰਹਿਤ ਜ਼ਖਮ ਵਿਕਸਤ ਹੋ ਸਕਦਾ ਹੈ ਜਿਸਦਾ ਆਤਸ਼ਕ ਵਿਗਾੜ ਵਾਲੇ ਵਿਅਕਤੀ ਦੇ ਨਾਲ ਸੰਪਰਕ ਹੋਇਆ ਸੀ। ਜ਼ਖਮ ਆਮਤੌਰ ਤੇ ਪਹਿਲੇ ਸੰਪਰਕ ਤੋਂ ਲਗਭਗ 3 ਹਫਤੇ ਬਾਅਦ ਦਿਸਦਾ ਹੈ, ਪਰ ਵਿਗਾੜ ਪ੍ਰਾਪਤ ਕਰਨ ਤੋਂ ਬਾਅਦ 3 ਤੋਂ 90 ਦਿਨਾਂ ਵਿਚਕਾਰ ਕਿਧਰੇ ਵੀ ਦਿਖਾਈ ਦੇ ਸਕਦਾ ਹੈ। ਕਈ ਵਾਰੀ, ਜ਼ਖਮ ਤੁਹਾਡੇ ਸਰੀਰ ਤੇ ਧਿਆਨਦੇਣਯੋਗ ਨਹੀਂ ਹੋਏਗਾ। ਜ਼ਖਮ ਕੁਝ ਹਫਤਿਆਂ ਵਿੱਚ ਆਪਣੇ ਆਪ ਹੀ ਠੀਕ ਹੋ ਜਾਏਗਾ, ਪਰ ਬਿਮਾਰੀ ਦਾ ਫੈਲਣਾ ਜਾਰੀ ਰਹੇਗਾ।

**ਸੈਕੰਡਰੀ ਪੜਾਅ**

ਸੈਕੰਡਰੀ ਪੜਾਅ ਆਮਤੌਰ ਤੇ ਆਤਸ਼ਕ ਵਿਗਾੜ ਹੋਣ ਤੋਂ ਲਗਭਗ 2 ਤੋਂ 12 ਬਾਅਦ ਸ਼ੁਰੂ ਹੁੰਦਾ ਹੈ, ਪਰ ਇਹ ਵਿਗਾੜ ਤੋਂ 2 ਹਫਤਿਆਂ ਤੋਂ 6 ਮਹੀਨੇ ਵਿੱਚ ਕਿਧਰੇ ਵੀ ਸ਼ੁਰੂ ਹੋ ਸਕਦਾ ਹੈ। ਇਸ ਪੜਾਅ ਦੇ ਦੌਰਾਨ ਇੱਕ ਖਾਰਸ਼ ਤੋਂ ਬਿਨਾਂ ਰੈਸ਼ ਵਿਕਸਤ ਹੋ ਸਕਦਾ ਹੈ। ਇਹ ਰੈਸ਼ ਤੁਹਾਡੇ ਸਰੀਰ ਤੇ ਕਿਧਰੇ ਵੀ ਉਭਰ ਸਕਦਾ ਹੈ, ਪਰ ਅਕਸਰ ਤੁਹਾਡੀ ਛਾਤੀ, ਪੇਟ, ਜਣਨ ਅੰਗਾਂ, ਤੁਹਾਡੀਆਂ ਹੱਥੇਲੀਆਂ ਅਤੇ ਪੈਰਾਂ ਦੀਆਂ ਤਲੀਆਂ ਤੇ ਪਾਇਆ ਜਾਂਦਾ ਹੈ। ਸੰਭਵ ਹੈ ਕਿ ਰੈਸ਼ ਤੁਹਾਨੂੰ ਦਿਖਾਈ ਨਾ ਦੇਵੇ, ਪਰ ਤੁਸੀਂ ਹਲੇ ਵੀ ਬਿਮਾਰੀ ਨੂੰ ਦੂਸਰੇ ਲੋਕਾਂ ਤੱਕ ਫੈਲਾ ਸਕਦੇ ਹੋ। ਰੈਸ਼ ਆਮਤੌਰ ਤੇ ਗਾਇਬ ਹੋ ਜਾਂਦਾ ਹੈ ਪਰ ਇਹ ਕਈ ਮਹੀਨਿਆਂ ਬਾਅਦ ਵਾਪਸ ਆ ਸਕਦਾ ਹੈ। ਦੂਸਰੇ ਲੱਛਣਾਂ ਵਿੱਚ ਸ਼ਾਮਲ ਹੋ ਸਕਦੇ ਹਨ, ਸਿਰਦਰਦ, ਬੁਖਾਰ, ਵਾਲਾਂ ਦਾ ਝੜਨਾ, ਸੁੱਜੇ ਹੋਏ ਲਸਿਕਾ ਨੋਡਜ਼ (lymph nodes) ਅਤੇ ਮੂੰਹ, ਗੁਦੇ, ਲਿੰਗ ਜਾਂ ਯੋਨੀ ਦੇ ਅੰਦਰ ਗੁੰਮੜ ਜਾਂ ਲੇਸਦਾਰ ਪੈਚ।

**ਲੁਪਤ ਪੜਾਅ (Latent stages)**

ਰੈਸ਼ ਠੀਕ ਹੋ ਜਾਣ ਤੋਂ ਬਾਅਦ, ਅਤੇ ਜੇਕਰ ਤੁਸੀਂ ਇਲਾਜ ਪ੍ਰਾਪਤ ਨਹੀਂ ਕਰਦੇ, ਤਾਂ ਬਿਮਾਰੀ ਆਤਸ਼ਕ ਦੇ ਲੁਪਤ ਜਾਂ ਛੁਪੇ ਹੋਏ ਪੜਾਅਾਂ ਤੱਕ ਵੱਧ ਜਾਏਗੀ। ਸੰਭਵ ਹੈ ਕਿ ਤੁਹਾਨੂੰ ਸਮੇਂ ਦੀ ਕੁਝ ਮਿਆਦ ਤੱਕ ਕੋਈ ਲੱਛਣ ਨਾ ਹੋਣ। ਲੁਪਤ ਹੋਣ ਦੀ ਮਿਆਦ 30 ਸਾਲਾਂ ਤੱਕ ਰਹਿ ਸਕਦੀ ਹੈ।

- ਅਗੇਤਾ ਲੁਪਤ ਪੜਾਅ: ਜਦੋਂ ਇੱਕ ਵਿਅਕਤੀ ਨੂੰ ਪਿਛਲੇ ਸਾਲ ਵਿੱਚ ਆਤਸ਼ਕ ਵਿਗਾੜ ਹੋਇਆ ਹੈ। 'ਅਗੇਤੀ' ਆਤਸ਼ਕ ਵਾਲੇ ਲੋਕ ਉਸ ਨੂੰ ਉਨ੍ਹਾਂ ਦੇ ਲਿੰਗੀ ਸਾਥੀਆਂ ਤੱਕ ਜਿਆਦਾ ਅਸਾਨੀ ਤੱਕ ਫੈਲਾ ਸਕਦੇ ਹਨ

- ਪਛੇਤਾ ਲੁਪਤ ਪੜਾਅ: ਜਦੋਂ ਇੱਕ ਵਿਅਕਤੀ ਨੂੰ 1 ਸਾਲ ਤੋਂ ਵੱਧ ਲਈ ਆਤਸ਼ਕ ਵਿਗਾੜ ਹੈ। ਜੇ ਤੁਸੀਂ ਇਲਾਜ ਪ੍ਰਾਪਤ ਨਹੀਂ ਕਰਦੇ, ਤਾਂ ਤੁਹਾਨੂੰ ਕੋਈ ਵੀ ਚਿੰਨ੍ਹਾਂ ਜਾਂ ਲੱਛਣਾਂ ਤੋਂ ਬਿਨਾਂ ਕਈ ਸਾਲਾਂ ਲਈ ਆਤਸ਼ਕ ਵਿਗਾੜ ਹੋਣਾ ਜਾਰੀ ਰਹਿ ਸਕਦਾ ਹੈ

## ਆਤਸ਼ਕ ਲਈ ਜਾਂਚ ਕਿਵੇਂ ਕਰਵਾਈ ਜਾਏ

ਲੈਬ ਵਰਕ ਲਈ ਰੈਫਰਲ ਲੈਣ ਵਾਸਤੇ ਆਪਣੇ ਸਿਹਤ ਸੰਭਾਲ ਕੋਲ ਜਾਓ ਜਿਥੇ ਤੁਹਾਡੇ ਖ਼ੂਨ ਅਤੇ ਕੋਈ ਵੀ ਜ਼ਖਮ(ਮਾਂ) ਦੀ ਜਾਂਚ ਕੀਤੀ ਜਾਏਗੀ।

ਸਿਫਾਰਸ਼ ਕੀਤੀ ਜਾਂਦੀ ਹੈ ਕਿ ਐਮਐਸਐਮ (MSM) ਦੀ ਹਰ 3 ਤੋਂ 6 ਮਹੀਨਿਆਂ ਤੇ ਆਤਸ਼ਕ ਲਈ ਜਾਂਚ ਕੀਤੀ ਜਾਏ, ਜਾਂ ਤੁਰੰਤ ਜੇ ਤੁਹਾਨੂੰ ਲੱਛਣ, ਜਿਵੇਂ ਕਿ ਜ਼ਖਮ ਜਾਂ ਰੈਸ਼ ਹਨ।

ਗਰਭਵਤੀ ਔਰਤਾਂ ਲਈ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਦੇ ਹਿੱਸੇ ਵਜੋਂ ਆਤਸ਼ਕ ਵਾਸਤੇ ਸਕ੍ਰੀਨਿੰਗ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਜੇ ਤੁਸੀਂ ਗਰਭਵਤੀ ਹੋ, ਤਾਂ ਆਪਣੀ ਸਾਰੀ ਗਰਭ ਅਵਸਥਾ ਦੇ ਦੌਰਾਨ ਆਤਸ਼ਕ ਸਮੇਤ ਐਸਟੀਆਈ ਸਕ੍ਰੀਨਿੰਗ ਲਈ ਲੋੜ ਨਿਰਧਾਰਤ ਕਰਨ ਵਾਸਤੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਐਸਟੀਆਈ(ਆਂ) ਲਈ ਆਪਣੇ ਜੋਖਮ ਸੰਬੰਧੀ ਕਾਰਕਾਂ ਬਾਰੇ ਚਰਚਾ ਕਰੋ।

ਤੁਸੀਂ ਬੀ.ਸੀ. ਵਿੱਚ ਲੈਬ ਦੇ ਕੁਝ ਖਾਸ ਸਥਾਨਾਂ ਵਿੱਚ ਸਿੱਧੇ ਹੀ ਜਾਂਚ ਤੱਕ ਪਹੁੰਚ ਪ੍ਰਾਪਤ ਕਰ ਸਕਦੇ ਹੋ। ਸਭ ਤੋਂ ਨਜ਼ਦੀਕੀ ਜਾਂਚ ਕਲੀਨਿਕ ਦਾ ਪਤਾ ਲਗਾਉਣ ਲਈ ਜਾਂ ਆਨਲਾਇਨ ਜਾਂਚ ਕਰਵਾਉਣ ਲਈ, https://smartsexresource.com/sex-talk/talk-about-it ਤੇ ਸਮਾਰਟ ਸੈਕਸ ਰਿਸੋਰਸ ਤੇ ਅਤੇ/ਜਾਂ www.getcheckedonline.com ਤੇ ਗੇਟ ਚੈੱਕਡ ਆਨਲਾਇਨ ਤੇ ਜਾਓ।

## ਜਟਿਲਤਾਵਾਂ ਕੀ ਹਨ?

ਜੇ ਆਤਸ਼ਕ ਲਈ ਤੁਹਾਡਾ ਇਲਾਜ ਨਹੀਂ ਕੀਤਾ ਜਾਂਦਾ, ਤਾਂ ਵਿਗਾੜ ਦੇ ਸ਼ੁਰੂਆਤ ਵਿੱਚ ਜਾਂ ਕਈ ਸਾਲਾਂ ਤੋਂ ਬਾਅਦ ਜਟਿਲਤਾਵਾਂ ਵਾਪਰ ਸਕਦੀਆਂ ਹਨ। ਜਟਿਲਤਾਵਾਂ ਤੰਤੂਆਂ ਸੰਬੰਧੀ ਹੋ ਸਕਦੀਆਂ ਹਨ (ਜਿਵੇਂ ਕਿ ਸੁਣਨ ਸ਼ਕਤੀ ਜਾਂ ਦ੍ਰਿਸ਼ਟੀ ਦੀ ਕਮੀ, ਜਾਂ ਚੱਕਰ ਆਉਣੇ) ਜਾਂ ਤੁਹਾਡੇ ਦਿਮਾਗ, ਦਿਲ ਅਤੇ ਤੁਹਾਡੇ ਸਰੀਰ ਵਿਚਲੇ ਦੂਸਰੇ ਅੰਗਾਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ, ਜਿਸ ਕਰਕੇ ਮੌਤ ਹੋ ਸਕਦੀ ਹੈ।

ਗਰਭਵਤੀ ਔਰਤ ਵਿੱਚ ਇਲਾਜ ਨਾ ਕੀਤੇ ਗਏ ਆਤਸ਼ਕ ਕਰਕੇ ਉਸਦੇ ਬੱਚੇ ਲਈ ਜਟਿਲਤਾਵਾਂ ਹੋ ਸਕਦੀਆਂ ਹਨ। ਜਿਵੇਂ ਕਿ ਗਰਭਪਾਤ, ਸਮੇਂ ਤੋਂ ਪਹਿਲਾਂ ਜਨਮ ਜਾਂ ਬੱਚੇ ਦਾ ਮਰਿਆ ਹੋਇਆ ਪੈਦਾ ਹੋਣਾ, ਜਨਮ ਸਮੇਂ ਘੱਟ ਭਾਰ, ਜਾਂ ਉਸ ਕਰਕੇ ਬੱਚਾ ਆਤਸ਼ਕ (ਜਿਸ ਨੂੰ ਜਮਾਂਦਰੂ ਆਤਸ਼ਕ – ਕੰਨਜੈਨੀਟਲ ਸਿਫਲਿਸ ਕਿਹਾ ਜਾਂਦਾ ਹੈ) ਦੇ ਨਾਲ ਪੈਦਾ ਹੋ ਸਕਦਾ ਹੈ।

## ਇਲਾਜ ਕੀ ਹੈ?

ਕਿਸੀ ਵੀ ਪੜਾਅ ਦੇ ਦੌਰਾਨ, ਆਤਸ਼ਕ ਦਾ ਇਲਾਜ ਐਂਟੀਬਾਇਓਟਿਕਾਂ ਨਾਲ ਕੀਤਾ ਜਾ ਸਕਦਾ ਹੈ। ਐਂਟੀਬਾਇਓਟਿਕ ਇਲਾਜ ਪਛੇਤੇ ਲੁਪਤ ਪੜਾਅ ਵਿੱਚ ਆਤਸ਼ਕ ਦੁਆਰਾ ਪਹਿਲਾਂ ਹੀ ਕੀਤੇ ਜਾ ਚੁੱਕੇ ਨੁਕਸਾਨ ਨੂੰ ਠੀਕ ਨਹੀਂ ਕਰ ਸਕਦਾ, ਪਰ ਉਹ ਅਗੇ ਹੋਣ ਵਾਲੇ ਨੁਕਸਾਨ ਨੂੰ ਰੋਕ ਸਕਦਾ ਹੈ। ਇਲਾਜ ਤੋਂ ਬਾਅਦ, ਤੁਹਾਨੂੰ ਇਹ ਯਕੀਨੀ ਬਣਾਉਣ ਲਈ ਖ਼ੂਨ ਦੇ ਟੈਸਟ ਕਰਵਾਉਣੇ ਚਾਹੀਦੇ ਹਨ ਕਿ ਇਲਾਜ ਨੇ ਕੰਮ ਕਰ ਦਿੱਤਾ ਹੈ।

ਤੁਹਾਡੇ ਕੋਈ ਵੀ ਸਾਥੀ(ਆਂ) ਦਾ ਵੀ ਪਰੀਖਣ, ਜਾਂਚ, ਅਤੇ ਜੇ ਵਿਗਾੜ ਹੈ, ਤਾਂ ਆਤਸ਼ਕ ਲਈ ਇਲਾਜ ਕੀਤੇ ਜਾਣ ਦੀ ਲੋੜ ਹੋਵੇਗੀ। ਤੁਹਾਡੇ ਅਤੇ ਤੁਹਾਡੇ ਸਾਥੀ(ਆਂ) ਦੇ ਇਲਾਜ ਖਤਮ ਕਰਨ ਤੋਂ 2 ਹਫਤਿਆਂ ਬਾਅਦ ਅਤੇ ਤੁਹਾਡੇ ਇਹ ਪੁਸ਼ਟੀ ਕਰ ਲੈਣ ਤੱਕ ਕਿ ਇਲਾਜ ਅਸਰਦਾਰ ਸੀ, ਸੰਭੋਗ ਨਾ ਕਰੋ।

## ਜੇ ਮੈਂ ਐਂਟੀਬਾਇਓਟਿਕ ਲੈ ਰਹੀ ਹਾਂ ਤਾਂ ਕੀ ਮੇਰੀਆਂ ਗਰਭ ਨਿਰੋਧਕ ਗੋਲੀਆਂ ਕੰਮ ਕਰਨਗੀਆਂ?

ਅਜਿਹਾ ਦਿਖਾਉਣ ਲਈ ਬਹੁਤ ਘੱਟ ਪ੍ਰਮਾਣ ਹਨ ਕਿ ਐਂਟੀਬਾਇਓਟਿਕ ਕਰਕੇ ਗਰਭ ਨਿਰੋਧਕਾਂ ਦੀਆਂ ਹਾਰਮੋਨਲ ਕਿਸਮਾਂ ਕੰਮ ਨਹੀਂ ਕਰਦੀਆਂ। ਗਰਭ ਨਿਰੋਧਕਾਂ ਦੀਆਂ ਹਾਰਮੋਨਲ ਕਿਸਮਾਂ ਵਿੱਚ ਸ਼ਾਮਲ ਹਨ ਗੋਲੀ, ਪੈਚ, ਰਿੰਗ ਜਾਂ ਸ਼ੋਟ (shot)। ਜੇ ਤੁਹਾਡਾ ਇਲਾਜ ਐਂਟੀਬਾਇਓਟਿਕਾਂ ਨਾਲ ਕੀਤਾ ਜਾ ਰਿਹਾ ਹੈ, ਤਾਂ ਆਪਣਾ ਗਰਭ ਨਿਰੋਧਕ ਉਸ ਤਰ੍ਹਾਂ ਹੀ ਵਰਤਦੇ ਰਹਿਣਾ ਜਾਰੀ ਰੱਖਣਾ ਮਹੱਤਵਪੂਰਨ ਹੈ ਜਿਵੇਂ ਤੁਸੀਂ ਆਮਤੌਰ ਤੇ ਕਰੋਗੇ। ਜੇ ਤੁਹਾਡੀਆਂ ਚਿੰਤਾਵਾਂ ਹਨ, ਤਾਂ ਐਂਟੀਬਾਇਓਟਿਕ ਖਤਮ ਕਰਨ ਤੋਂ ਬਾਅਦ ਆਪਣਾ ਅਗਲਾ ਪੀਰੀਅਡ ਆਉਣ ਤੱਕ ਕੌਂਡੰਮ ਵੀ ਵਰਤੋ ਜਾਂ ਹੋਰ ਜਾਣਕਾਰੀ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਹੋਰ ਜਾਣਕਾਰੀ ਲਈ

ਤੁਸੀਂ ਐੱਸਟੀਆਈ (STI) ਹੋਣ ਦੇ ਆਪਣੇ ਸੰਜੋਗ ਨੂੰ ਕਿਵੇਂ ਘਟਾ ਸਕਦੇ ਹੋ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ, HealthLinkBC File #08o ਸੰਭੋਗ ਦੁਆਰਾ ਸੰਚਾਰਿਤ ਵਿਗਾੜਾਂ (ਐਸਟੀਆਈ(ਂ)) ਦੀ ਰੋਕਥਾਮ ਦੇਖੋ।

BC Centre for Disease Control
An agency of the Provincial Health Services Authority